नामांक Roll No.

| | | | | | | |
|---|---|---|---|---|---|---|
| | | | | | | |

No. of Questions — 10

No. of Printed Pages — 7

**S—75—Punjabi (T.L.)(Supp.)**

# SECONDARY SUPPLEMENTARY EXAMINATION, 2013

## PUNJABI

### ( THIRD LANGUAGE )

**Time : 3 $\frac{1}{4}$ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।
5. ਪ੍ਰਸ਼ਨ ਸੰਖਿਆ 3 ਵਿੱਚ ਆਂਤਰਿਕ ਵਿਕੱਲਪ ਹੈ ।

ਪ੍ਰਸ਼ਨ - 1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :-

ਤੰਦਰੁਸਤ ਸਰੀਰ ਲਈ ਕਸਰਤ ਕਰਨੀ ਬਹੁਤ ਜ਼ਰੂਰੀ ਹੈ। ਕਸਰਤ ਸਰੀਰ ਨੂੰ ਅਰੋਗ ਅਤੇ ਰਿਸ਼ਟ-ਪੁਸ਼ਟ ਰੱਖਦੀ ਹੈ। ਜਿਹੜੇ ਅੰਗ ਜ਼ਿਆਦਾ ਵਰਤੋਂ ਵਿੱਚ ਆਉਂਦੇ ਹਨ ਉਹ ਸਭ ਤੋਂ ਜ਼ਿਆਦਾ ਬਲਵਾਨ ਹੋ ਜਾਂਦੇ ਹਨ। ਲੁਹਾਰ ਦੇ ਹੱਥ ਬਹੁਤ ਮਜ਼ਬੂਤ ਹੁੰਦੇ ਹਨ ਕਿਉਂਕਿ ਉਹ ਉਹਨਾਂ ਪਾਸੋਂ ਬਹੁਤਾ ਕੰਮ ਲੈਂਦਾ ਹੈ। ਸਾਡੇ ਹੱਥ ਉਸ ਨਾਲੋਂ ਕਮਜ਼ੋਰ ਹੁੰਦੇ ਹਨ ਕਿਉਂਕਿ ਅਸੀਂ ਉਸ ਜਿਤਨਾ ਕੰਮ ਨਹੀਂ ਕਰਦੇ। ਜਿਹੜਾ ਲੜਕਾ ਕੰਮ ਕਰਦਾ ਹੈ ਅਤੇ ਖੁੱਲ੍ਹੀ ਹਵਾ ਵਿੱਚ ਖੇਡਦਾ ਹੈ ਉਹ ਅਰੋਗ ਤੇ ਰਿਸ਼ਟ-ਪੁਸ਼ਟ ਹੋ ਜਾਂਦਾ ਹੈ ਪਰ ਜਿਹੜਾ ਲੜਕਾ ਘਰ ਹੀ ਬੈਠਾ ਰਹਿੰਦਾ ਹੈ ਅਤੇ ਕੋਈ ਕਸਰਤ ਨਹੀਂ ਕਰਦਾ ਉਹ ਵੱਡਾ ਹੋ ਕੇ ਕਮਜ਼ੋਰ ਅਤੇ ਰੋਗੀ ਮਨੁੱਖ ਬਣਦਾ ਹੈ। ਸਰੀਰਕ ਤੌਰ ਤੇ ਕਮਜ਼ੋਰ ਵਿਅਕਤੀ ਕਿਸੇ ਵੀ ਖੇਤਰ ਵਿੱਚ ਉੱਨਤੀ ਨਹੀਂ ਕਰ ਸਕਦਾ ਇਸ ਲਈ ਖਾਸ ਕਰਕੇ ਵਿਦਿਆਰਥੀਆਂ ਲਈ ਕਸਰਤ ਕਰਨਾ ਜ਼ਰੂਰੀ ਹੈ ਤੰਦਰੁਸਤ ਵਿਦਿਆਰਥੀ ਦਾ ਦਿਮਾਗੀ ਵਿਕਾਸ ਵਧੇਰੇ ਸੰਭਵ ਹੈ।

$4 \times 2\frac{1}{2} = 10$

(ੳ) ਮਨੁੱਖ ਲਈ ਕਸਰਤ ਕਰਨੀ ਕਿਉਂ ਜ਼ਰੂਰੀ ਹੈ?

(ਅ) ਲੁਹਾਰ ਦੇ ਹੱਥ ਸਾਧਾਰਨ ਮਨੁੱਖ ਦੇ ਹੱਥਾਂ ਨਾਲੋਂ ਜ਼ਿਆਦਾ ਮਜ਼ਬੂਤ ਕਿਉਂ ਹੁੰਦੇ ਹਨ?

(ੲ) ਘਰ ਬੈਠਣ ਵਾਲ਼ਾ ਲੜਕਾ ਵੱਡਾ ਹੋ ਕੇ ਕੀ ਬਣਦਾ ਹੈ?

(ਸ) ਵਿਦਿਆਰਥੀ ਲਈ ਕਸਰਤ ਕਰਨੀ ਕਿਉਂ ਜ਼ਰੂਰੀ ਹੈ?

ਪ੍ਰਸ਼ਨ - 2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ’ਤੇ ਲੇਖ ਲਿਖੋ :- 8

(ੳ) ਗੁਰੂ ਨਾਨਕ ਦੇਵ ਜੀ

(ਅ) ਪ੍ਰਦੂਸ਼ਣ ਦੀ ਸਮੱਸਿਆ

(ੲ) ਜੀਵਨ ਵਿੱਚ ਵਿਗਿਆਨ ਦਾ ਸਥਾਨ

(ਸ) ਅੱਖੀਂ ਡਿੱਠਾ ਮੇਲਾ

(ਹ) ਵਿਦਿਆਰਥੀ ਅਤੇ ਅਨੁਸ਼ਾਸਨ।

ਪ੍ਰਸ਼ਨ - 3. ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਬਿਨੈ-ਪੱਤਰ ਲਿਖੋ ਜਿਸ ਵਿੱਚ ਉਨ੍ਹਾਂ ਤੋਂ ਦੋਸਤਾਨਾ ਫੁੱਟਬਾਲ ਮੈਚ ਖੇਡਣ ਦੀ ਇਜ਼ਾਜਤ ਲਈ ਜਾਵੇ। 4

**ਜਾਂ**

ਸਿਲਵਰ ਸਪੋਰਟਸ ਲੁਧਿਆਣਾ ਤੋਂ ਕ੍ਰਿਕਟ ਦੀ ਕਿੱਟ ਮੰਗਵਾਉਣ ਲਈ ਪੱਤਰ ਲਿਖੋ।

ਪ੍ਰਸ਼ਨ - 4. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਦਿਆਂ, ਇਸਦਾ ਢੁੱਕਵਾਂ ਸਿਰਲੇਖ ਦਿਓ :- 2 + 1 = 3

ਹਿੰਮਤ ਦੀ ਜ਼ਿੰਦਗੀ ਸਭ ਤੋਂ ਵੱਡੀ ਜ਼ਿੰਦਗੀ ਹੈ। ਇਸ ਤਰ੍ਹਾਂ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਪਹਿਚਾਣ ਇਹ ਹੈ ਕਿ ਇਹ ਬਿਲਕੁਲ ਨਿਡਰ, ਬਿਲਕੁਲ ਬੇਖ਼ੌਫ ਹੁੰਦੀ ਹੈ। ਹਿੰਮਤੀ ਮਨੁੱਖ ਇਹ ਚਿੰਤਾ ਨਹੀਂ ਕਰਦਾ ਕਿ ਵੇਖਣ ਵਾਲ਼ੇ ਲੋਕ ਉਸ ਦੇ ਬਾਰੇ ਕੀ ਸੋਚ ਰਹੇ ਹਨ ਹਿੰਮਤੀ ਮਨੁੱਖ ਆਪਣੇ ਸੁਪਨੇ ਉਧਾਰ ਨਹੀਂ ਲੈਂਦਾ ਸਗੋਂ ਉਸਦਾ ਹਰ ਵਿਚਾਰ ਉਸ ਨੂੰ ਇੱਕ ਨਵਾਂ ਸੁਪਨਾ ਦੇ ਜਾਂਦਾ ਹੈ। ਇੱਜੜ ਵਿੱਚ ਚੱਲਣ ਦਾ ਕੰਮ ਤਾਂ ਭੇਡ-ਬੱਕਰੀਆਂ ਦਾ ਹੈ, ਸ਼ੇਰ ਤਾਂ ਇਕੱਲਾ ਹੀ ਆਪਣੇ ਆਪ ਵਿੱਚ ਮਸਤ ਰਹਿੰਦਾ ਹੈ। ਹਿੰਮਤੀ ਮਨੁੱਖ ਵੱਡੇ ਤੋਂ ਵੱਡੇ ਕੰਮ ਲਈ ਜ਼ੱਦੋ-ਜ਼ਹਿਦ ਕਰਦਾ ਹੈ, ਮੁਸੀਬਤਾਂ ਉਸ ਦਾ ਰਾਹ ਰੋਕਦੀਆਂ ਹਨ ਪਰ ਹਿੰਮਤ ਉਸ ਦੀ ਤਾਕਤ ਬਣਦੀ ਹੈ।

ਪ੍ਰਸ਼ਨ - 5. (ੳ) ਹੇਠ ਲਿਖੇ ਸ਼ਬਦਾਂ ਨੂੰ ਅਗੇਤਰ ਅਤੇ ਪਿਛੇਤਰ ਦੇ ਤੌਰ 'ਤੇ ਵਰਤੋ :-
(ਕੋਈ ਤਿੰਨ)

ਅਗੇਤਰ = ਖੁਸ਼, ਦੁਰ, ਬਦ, ਲਾ (ਤਿੰਨ-ਤਿੰਨ ਸ਼ਬਦ) $\frac{1}{2} + \frac{1}{2} + \frac{1}{2} = 1\frac{1}{2}$

ਪਿਛੇਤਰ = ਆਰੀ, ਈਲਾ, ਹਾਰ, ਦਾਰੀ (ਤਿੰਨ-ਤਿੰਨ ਸ਼ਬਦ) $\frac{1}{2} + \frac{1}{2} + \frac{1}{2} = 1\frac{1}{2}$

(ਅ) ਬਿਮਲਾ ਨੇ ਕਮਲਾ ਨੂੰ ਮਾਰਿਆ। (ਵਾਕ ਵਿੱਚ ਕਿਰਿਆ ਦੱਸੋ) 1 + 1 + 1 = 3

ਇਹ ਸੁਹਣੀ ਤਸਵੀਰ ਹੈ। (ਵਾਕ ਵਿੱਚੋਂ ਵਿਸ਼ੇਸ਼ਣ ਚੁਣੋ)

ਹਰਨਾਮ ਨੇ ਪਾਣੀ ਪੀਤਾ। (ਵਾਕ ਵਿੱਚੋਂ ਨਾਂਵ ਚੁਣੋ)

(ੲ) ਹੇਠ ਲਿਖੇ ਸ਼ਬਦਾਂ ਨੂੰ ਸੋਧ ਕੇ ਲਿਖੋ :- (ਕੋਈ ਤਿੰਨ) 1 + 1 + 1 = 3

ਸ਼ਾਮਲ, ਪੜਾਈ, ਅਮਰਿਤਸਰ, ਵਿਦਆ, ਸਮਸਿਆ

(ਸ) ਹੇਠ ਲਿਖੇ ਵਾਕਾਂ ਦੀ ਬਣਤਰ ਬਦਲੋ :- 1 + 1 + 1 = 3

ਮੋਹਣ ਘਰ ਨਹੀਂ ਹੈ । (ਹਾਂ-ਵਾਚਕ ਵਾਕ ਬਣਾਓ)

ਰਾਮ ਦਿਆਲ ਦਾ ਪੱਕਾ ਮਿੱਤਰ ਹੈ ਅਤੇ ਦਿਆਲ ਰਾਮ ਦਾ।

(ਸਾਧਾਰਨ ਵਾਕ ਬਣਾਓ)

ਉਹ ਚੋਰੀ ਕਰਨ ਤੋਂ ਨਹੀਂ ਡਰਦਾ। (ਪ੍ਰਸ਼ਨ-ਵਾਚਕ ਵਾਕ ਬਣਾਓ)

(ਹ) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :- (ਕੋਈ ਤਿੰਨ)

1 + 1 + 1 = 3

1. ਉਹ ਆਦਮੀ ਜਿਸ ਨੇ ਚੋਰੀ ਕੀਤੀ ਪਕੜਿਆ ਗਿਆ
2. ਇਹ ਪੁਸਤਕ ਕਿਸ ਦੀ ਹੈ
3. ਰਾਮ ਨੇ ਕਿਸ਼ਨ ਨੂੰ ਕਿਹਾ ਤੇਰੇ ਦੋਸਤ ਨੇ ਤੈਨੂੰ ਸੁਨੇਹਾ ਭੇਜਿਆ ਹੈ
4. ਅਫ਼ਸੋਸ ਅਸੀਂ ਇਹ ਮੈਚ ਹਾਰ ਗਏ

ਪ੍ਰਸ਼ਨ - 6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ :- $6 \times 1\frac{1}{2} = 9$

(ੳ) ਪ੍ਰਾਰਥਨਾ ਕਦੋਂ-ਕਦੋਂ ਕੀਤੀ ਜਾਂਦੀ ਹੈ?

(ਅ) ਨੌਵੇਂ ਗੁਰੂ ਜੀ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਕਿਵੇਂ ਪਿਆ?

(ੲ) ਟਾਲਸਟਾਏ ਦਾ ਬਚਪਨ ਕਿਸ ਤਰ੍ਹਾਂ ਗੁਜ਼ਰਿਆ?

(ਸ) ਬਜ਼ਾਰ ਵਿੱਚੋਂ ਲੰਘਦਿਆਂ ਮੁਖਤਿਆਰ ਸਿੰਘ ਕਿਹੜੇ-ਕਿਹੜੇ ਢਾਬਿਆਂ ਜਾਂ ਹੋਟਲਾਂ ਉੱਤੇ ਨਹੀਂ ਰੁਕਦਾ?

(ਹ) ਲੇਖਕ ਭੇਰੇ ਜਾਣ ਲਈ ਕਿਉਂ ਉਤਾਵਲਾ ਹੈ?

('ਮੇਰਾ ਪਾਕਿਸਤਾਨੀ ਸਫ਼ਰਨਾਮਾ' ਪਾਠ ਵਿੱਚੋਂ)

(ਕ) ਕਸਤੂਰੀ ਵਾਲ਼ਾ ਮਿਰਗ ਤੋਂ ਕੀ ਭਾਵ ਹੈ?

ਪ੍ਰਸ਼ਨ - 7. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨ ਕਰੋ :- $5 \times 1 = 5$

(ੳ) ਵਲੀ ਕੰਧਾਰੀ ਕੌਣ ਸੀ ਤੇ ਕਿੱਥੇ ਰਹਿੰਦਾ ਸੀ?

(ਅ) 'ਸਭਹਨ ਕੋ ਸਿਰਮੋਰ' ਲੇਖ ਕਿਸ ਬਾਰੇ ਲਿਖਿਆ ਗਿਆ ਹੈ?

(ੲ) ਗਾਂਧੀ ਜੀ ਨੇ ਡਾ: ਰਾਧਾ ਕ੍ਰਿਸ਼ਨਨ ਨੂੰ ਕਿਵੇਂ ਸਨਮਾਨਿਤ ਕੀਤਾ?

(ਸ) ਬਾਤ ਕੀ ਹੁੰਦੀ ਹੈ?

(ਹ) ਸ: ਤੇਜਾ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ?

(ਕ) 'ਮੇਰੇ ਵੱਡੇ ਵਡੇਰੇ' ਲੇਖ ਦੇ ਲੇਖਕ ਕੌਣ ਹਨ?

(ਖ) ਅਧਿਆਪਕ ਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਕੀ ਤਬਦੀਲੀ ਆਈ ਹੈ?

('ਅਗਲੇ ਜਮਾਨੇ' ਪਾਠ ਦੇ ਆਧਾਰ 'ਤੇ)

ਪ੍ਰਸ਼ਨ - 8. ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ :- $2 \times 3 = 6$

(ੳ) ਦਸੌਂਧਾ ਸਿੰਘ ਕਿਸ-ਕਿਸ ਕੋਲ਼ ਪੈਸੇ ਲੈਣ ਲਈ ਗਿਆ ਅਤੇ ਉਸ ਨੂੰ ਕੀ-ਕੀ ਜਵਾਬ ਮਿਲਿਆ?

(ਅ) ਭਾਰਤ ਦੀ ਵੰਡ ਸਮੇਂ ਉੱਜੜੇ ਲੋਕਾਂ ਨੂੰ ਕਿਹੋ ਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ? ('ਟੁੱਟੀ-ਭੱਜੀ ਨੌਕਰੀ' ਪਾਠ ਦੇ ਆਧਾਰ 'ਤੇ))

(ਣ) 'ਸਭਹਨ ਕੋ ਸਿਰਮੌਰ' ਲੇਖ ਵਿੱਚ ਕਿਨ੍ਹਾਂ ਲਹਿਰਾਂ ਦਾ ਹਵਾਲਾ ਆਇਆ ਹੈ, ਉਨ੍ਹਾਂ ਵਿੱਚੋਂ ਕਿਸੇ ਇੱਕ ਬਾਰੇ ਸੰਖੇਪ ਜਾਣਕਾਰੀ ਦਿਓ।

ਪ੍ਰਸ਼ਨ - 9. ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :- 5 + 5 = 10

(ੳ) ਧਨੁ ਜੋਬਨੁ ਦੁਇ ਵੈਰੀ ਹੋਏ
ਜਿਨੀ ਰਖੇ ਰੰਗੁ ਲਾਇ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥
ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ॥

(ਅ) "ਲੱਖ ਲੱਖ ਵਾਰੀ ਤੈਥੋਂ, ਵਾਰੀ ਜਾਵੇ ਅੰਬੜੀ ਇਹ,
ਸੱਟ ਤਾਂ ਨਹੀਂ ਲੱਗੀ ਮੇਰੇ ਬੱਚਿਆ ਪਿਆਰਿਆ ?"
ਸ਼ਰਫ ਜੀ ! ਇਹ ਹੌਸਲਾ ਏ ਮਾਂ ਦੇ ਪਿਆਰ ਦਾ ਈ,
ਪੁੱਤ ਹੱਥੋਂ ਮਰ ਕੇ ਵੀ ਮੋਹ ਨਹੀਂ ਵਿਸਾਰਿਆ।

(ੲ) ਦੀਨਾਂ ਈਮਾਨਾਂ ਵਾਲਿਓ ਦਸਖ਼ਤ ਕਰੋ !
ਦੋਹਾਂ ਜਹਾਨਾਂ ਵਾਲਿਓ ਦਸਖ਼ਤ ਕਰੋ !
ਨੇਮਾਂ ਤੇ ਧਰਮਾਂ ਵਾਲਿਓ ਦਸਖ਼ਤ ਕਰੋ !
ਵੇ ਆਓ ਕਰਮਾਂ ਵਾਲਿਓ ਦਸਖ਼ਤ ਕਰੋ !

ਪ੍ਰਸ਼ਨ - 10. ਕੋਈ ਦੋ ਪ੍ਰਸ਼ਨ ਕਰੋ :- $2 \times 5 = 10$

(ੳ) ਅਨੰਦ ਦੀ ਪ੍ਰਾਪਤੀ ਕਿਸ ਰਾਹੀਂ ਹੁੰਦੀ ਹੈ?

(ਅ) 'ਜਵਾਨ ਪੰਜਾਬ ਦੇ' ਕਵਿਤਾ ਵਿੱਚ ਪੰਜਾਬ ਦਾ ਜੋ ਦ੍ਰਿਸ਼ ਚਿਤਰਿਆ ਗਿਆ ਹੈ, ਉਸਦਾ ਵਰਣਨ ਆਪਣੇ ਸ਼ਬਦਾਂ ਵਿੱਚੋਂ ਕਰੋ।

(ੲ) ਹਰਿਭਜਨ ਸਿੰਘ ਦੀ ਕਵਿਤਾ "ਕਿੱਥੇ ਗਈਆਂ ਭੈਣਾਂ" ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।